08-Dec-Punjab-3-8-1ST-Star.qxd 12/8/2024 11:44 PM Page 1



# ਸੁਖਬੀਰ ਸਿੰਘ ਬਾਦਲ ਤੇ ਹੋਰ ਅਕਾਲੀ ਆਗੂਆਂ ਨੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸੇਵਾ ਨਿਭਾਈ




ਮਾਤਾ ਗੁਜਰੀ ਲੰਗਰ ਹਾਲ ਵਿਚ ਜੂਠੇ ਬਰਤਨ ਮਾਂਜਣ ਦੀ ਸੇਵਾ ਨਿਭਾਉਂਦੇ ਹੋਏ ਸੁਖਬੀਰ ਸਿੰਘ ਬਾਦਲ, ਬਲਵਿੰਦਰ ਸਿੰਘ ਭੂੰਦੜ, ਸਿਕੰਦਰ ਸਿੰਘ ਮਲੂਕਾ, ਬਿਕਰਮ ਸਿੰਘ ਮਜੀਠੀਆ ਤੇ ਹੋਰ। ਤਸਵੀਰ : ਕਰਨ

ਫ਼ਤਹਿਗੜ੍ਹ ਸਾਹਿਬ, 8 ਦਸੰਬਰ (ਬਲਜਿੰਦਰ ਸਿੰਘ)-ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਹੋਰ ਅਕਾਲੀ ਆਗੂਆਂ ਨੂੰ ਪੰਥਕ ਰਵਾਇਤਾਂ ਅਨੁਸਾਰ ਲਗਾਈ ਗਈ ਤਨਖ਼ਾਹ ਦੇ ਤੀਜੇ ਪੜਾਅ ਤਹਿਤ ਛੇਵੇਂ ਦਿਨ ਅੱਜ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸੁਖਬੀਰ ਸਮੇਤ ਹੋਰ ਆਗੂਆਂ ਨੇ ਵੱਖ-ਵੱਖ ਸੇਵਾਵਾਂ ਨਿਭਾਈਆਂ। ਸੁਖਬੀਰ ਸਿੰਘ ਬਾਦਲ ਕਰੀਬ ਪੌਣੇ 9 ਵਜੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਪਹੁੰਚੇ ਅਤੇ ਚਰਨ ਕੁੰਡ ਕੋਲ ਸੇਵਾਦਾਰਾਂ ਵਾਲਾ ਨੀਲਾ ਚੋਲ੍ਹਾ ਪਹਿਨ ਕੇ ਗਲ਼ ਵਿਚ ਤਖ਼ਤੀ ਅਤੇ ਹੱਥ ਵਿਚ ਬਰਛਾ ਫੜ੍ਹ ਕੇ ਇਕ ਘੰਟਾ ਬਤੌਰ ਚੋਬਦਾਰ ਦੀ ਸੇਵਾ ਨਿਭਾਈ, ਉਪਰੰਤ ਸੰਗਤਾਂ ਵਿਚ ਬੈਠ ਕੇ ਇਕ ਘੰਟਾ ਕੀਰਤਨ ਸਰਵਣ ਕੀਤਾ। ਇਸ ਮੌਕੇ ਬਲਵਿੰਦਰ ਸਿੰਘ ਭੂੰਦੜ, ਡਾ. ਦਲਜੀਤ ਸਿੰਘ ਚੀਮਾ, ਹੀਰਾ ਸਿੰਘ ਗਾਬੜੀਆ, ਸੁੱਚਾ ਸਿੰਘ ਲੰਗਾਹ ਅਤੇ ਗੁਲਜ਼ਾਰ ਸਿੰਘ ਰਣੀਕੇ ਨੇ ਵੀ ਆਪਣੇ ਗਲ਼ਾਂ 'ਚ ਤਖ਼ਤੀਆਂ ਪਾ ਕੇ ਸੰਗਤਾਂ ਵਿਚ ਬੈਠ ਕੇ ਕੀਰਤਨ ਸਰਵਣ ਕੀਤਾ। ਇਸ ਮੌਕੇ ਬਿਕਰਮ ਸਿੰਘ ਮਜੀਠੀਆ, ਸਿਕੰਦਰ ਸਿੰਘ ਮਲੂਕਾ, ਮਹੇਸ਼ਇੰਦਰ ਸਿੰਘ ਗਰੇਵਾਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਇਕਬਾਲ ਸਿੰਘ ਝੂੰਦਾਂ, ਸਰਬਜੀਤ ਸਿੰਘ ਝਿੰਜਰ, ਜਗਦੀਪ ਸਿੰਘ ਚੀਮਾ, ਗੁਰਪ੍ਰੀਤ ਸਿੰਘ ਰਾਜੂ ਖੰਨਾ, ਦਰਬਾਰਾ ਸਿੰਘ ਗੁਰੂ, ਜਥੇਦਾਰ ਅਵਤਾਰ ਸਿੰਘ ਰਿਆ, ਭਾਈ ਰਵਿੰਦਰ ਸਿੰਘ ਖ਼ਾਲਸਾ, ਸ਼ਰਨਜੀਤ ਸਿੰਘ ਚਨਾਰਥਲ, ਮਨਮੋਹਨ ਸਿੰਘ ਮੁਕਾਰੋਂਪੁਰ, ਐਡ. ਅਮਰਦੀਪ ਸਿੰਘ ਧਾਰਨੀ, ਗੁਰਲਾਲ ਸਿੰਘ, ਗੁਰਿੰਦਰਪਾਲ ਸਿੰਘ ਲਾਲੀ, ਬੀਬੀ ਗੁਰਜੀਤ ਕੌਰ, ਰਜਿੰਦਰ ਸਿੰਘ ਮਹਿਤਾ, ਗੁਰਚਰਨ ਸਿੰਘ ਕਰਮੂਵਾਲਾ, ਗੁਰਪ੍ਰੀਤ ਸਿੰਘ, ਜਸਮੇਰ ਸਿੰਘ ਲਾਛੜੂ, ਸੁਰਜੀਤ ਸਿੰਘ ਗੜ੍ਹੀ, ਚਰਨਜੀਤ ਸਿੰਘ ਕਾਲੇਵਾਲ, ਪਰਮਜੀਤ ਸਿੰਘ ਖ਼ਾਲਸਾ, ਬਲਦੇਵ ਸਿੰਘ ਕਾਇਮਪੁਰੀ, ਗੁਰਦੀਪ ਸਿੰਘ ਕੰਗ, ਕੁਲਵਿੰਦਰ ਸਿੰਘ ਚੀਮਾ, ਸੁਖਮਿੰਦਰ ਸਿੰਘ, ਅਵਤਾਰ ਸਿੰਘ ਸੈਂਪਲਾਂ, ਮੱਖਣ ਸਿੰਘ ਲਾਲਕਾ, ਪਰਵਿੰਦਰ ਸਿੰਘ ਖ਼ਾਲਸਾ, ਗੁਰਚਰਨ ਸਿੰਘ ਬੱਬੇਹਾਲੀ, ਹਰਜਿੰਦਰ ਸਿੰਘ ਜਿੰਦੂ, ਡਾ. ਸੁਖਵਿੰਦਰ ਸੁੱਖੀ, ਹਰਪ੍ਰੀਤ ਸਿੰਘ ਮਲੋਟ, ਬਲਜੀਤ ਸਿੰਘ ਭੁੱਟਾ, ਕਬੀਰ ਦਾਸ, ਗੁਰਪ੍ਰੀਤ ਸਿੰਘ, ਬਲਵੀਰ ਸਿੰਘ ਸਿੱਧੂ, ਕਰਮਜੀਤ ਸਿੰਘ ਭਗੜਾਣਾ, ਗੁਰਮੀਤ ਸਿੰਘ ਸੋਨੂੰ ਚੀਮਾ, ਜਸਮੇਰ ਸਿੰਘ ਬਡਲਾ, ਰਾਜੀਵ ਅਹੂਜਾ, ਪ੍ਰਦੀਪ ਸਿੰਘ ਰਾਣਵਾਂ, ਸੁਖਜੀਤ ਸਿੰਘ ਬਘੌਰਾ ਆਦਿ ਹਾਜ਼ਰ ਸਨ। ਉਪਰੰਤ ਸੁਖਬੀਰ ਨੇ ਸਾਬਕਾ ਮੰਤਰੀਆਂ ਸਮੇਤ ਮਾਤਾ ਗੁਜਰੀ ਲੰਗਰ ਹਾਲ 'ਚ ਜੂਠੇ ਬਰਤਨ ਮਾਂਜਣ ਦੀ ਸੇਵਾ ਨਿਭਾਈ। ਸੁਖਬੀਰ ਹੁਣ ਚੌਥੇ ਪੜਾਅ ਵਿਚ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ 9 ਅਤੇ 10 ਦਸੰਬਰ ਨੂੰ ਸੇਵਾਵਾਂ ਨਿਭਾਉਣਗੇ।

## ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਇਕੱਤਰਤਾ ਅੱਜ

ਅੰਮ੍ਰਿਤਸਰ, 8 ਦਸੰਬਰ (ਜਸਵੰਤ ਸਿੰਘ ਜੱਸ)-ਪੰਜ ਸਿੰਘ ਸਾਹਿਬਾਨ ਵਲੋਂ ਬੀਤੇ ਦਿਨੀਂ 2 ਦਸੰਬਰ ਨੂੰ ਅਕਾਲੀ ਲੀਡਰਸ਼ਿਪ ਬਾਰੇ ਸੁਣਾਏ ਗਏ ਅਹਿਮ ਫੈਸਲਿਆਂ ਅਤੇ ਅਕਾਲ ਤਖ਼ਤ ਸਾਹਿਬ ਵਲੋਂ ਲਗਾਈ ਧਾਰਮਿਕ ਸਜ਼ਾ ਨਿਭਾਉਣ ਦੌਰਾਨ ਗਰਮ ਖਿਆਲੀ ਕਾਰਕੁੰਨ ਨਰਾਇਣ ਸਿੰਘ ਚੌੜਾ ਵਲੋਂ ਕੀਤੇ ਗਏ ਹਮਲੇ ਦੀ ਵਾਪਰੀ ਘਟਨਾ ਤੋਂ ਬਾਅਦ ਸਮੁੱਚੇ ਸਿੱਖ ਜਗਤ ਦੀਆਂ ਨਜ਼ਰਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ 9 ਦਸੰਬਰ ਨੂੰ 72 ਘੰਟਿਆਂ ਦੇ ਨੋਟਿਸ 'ਤੇ ਸੱਦੀ ਗਈ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਇਕੱਤਰਤਾ ਵੱਲ ਲੱਗੀਆਂ ਹੋਈਆਂ ਹਨ। ਭਾਵੇਂ ਇਸ ਇਕੱਤਰਤਾ ਦਾ ਏਜੰਡਾ ਮੌਜੂਦਾ ਪੰਥਕ ਹਾਲਾਤ ਸੰਬੰਧੀ ਵਿਚਾਰ ਵਟਾਂਦਰਾ ਹੀ ਦੱਸਿਆ ਜਾ ਰਿਹਾ ਹੈ, ਪਰ ਜਾਣਕਾਰ ਸੂਤਰਾਂ ਅਨੁਸਾਰ ਇਸ ਇਕੱਤਰਤਾ ਦੌਰਾਨ ਪਿਛਲੇ ਦਿਨੀਂ ਸਿੰਘ ਸਾਹਿਬਾਨ ਵਲੋਂ ਅਕਾਲੀ ਲੀਡਰਸ਼ਿਪ, ਖਾਸ ਕਰ ਸੁਖਬੀਰ ਸਿੰਘ ਬਾਦਲ ਬਾਰੇ ਸੁਣਾਏ ਗਏ ਫੈਸਲਿਆਂ ਨੂੰ ਲੈ ਕੇ ਵੀ ਅਹਿਮ ਵਿਚਾਰ ਵਟਾਂਦਰਾ ਕੀਤੇ ਜਾਣ ਦੀ ਸੰਭਾਵਨਾ ਹੈ। ਇਹ ਵੀ ਚਰਚਾ ਹੈ ਕਿ ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤ ਲਈ ਗਠਿਤ ਕੀਤੀ ਸੱਤ ਮੈਂਬਰੀ ਕਮੇਟੀ, ਜਿਸ ਦੇ ਮੁਖੀ ਐਡਵੋਕੇਟ ਰਜਿੰਦਰ ਸਿੰਘ ਧਾਮੀ ਹਨ, ਦੇ ਗਠਨ ਬਾਰੇ ਵੀ ਸਿੰਘ ਸਾਹਿਬਾਨ ਨੂੰ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਜਾ ਸਕਦੀ ਹੈ।



ਗੁਰਦੁਆਰਾ ਸੱਚਖੰਡ ਬੋਰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਸਮੂਹਿਕ ਵਿਆਹ ਮੇਲਾਵਾ 'ਚ ਸ਼ਾਮਿਲ ਨੌਜਵਾਨ। ਅਜੀਤ ਤਸਵੀਰ

## ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਲੋਂ 68ਵਾਂ ਸਮੂਹਿਕ ਵਿਆਹ ਮੇਲਾਵਾ ਕਰਵਾਇਆ

**ਸਮੂਹਿਕ ਵਿਆਹ ਮੇਲਾਵਾ, ਸਮਾਜਿਕ ਬਦਲਾਅ ਦਾ ਪ੍ਰਤੱਖ ਪ੍ਰਤੀਕ-ਡਾ. ਵਿਜੇ ਸਤਬੀਰ ਸਿੰਘ**

ਬਟਾਲਾ, 8 ਦਸੰਬਰ (ਸਤਿੰਦਰ ਸਿੰਘ)-ਗੁਰਦੁਆਰਾ ਸੱਚਖੰਡ ਬੋਰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਮੁੱਖ ਪ੍ਰਬੰਧਕ ਡਾ. ਵਿਜੇ ਸਤਬੀਰ ਸਿੰਘ ਨੇ ਦੱਸਿਆ ਕਿ ਇਥੇ 68ਵਾਂ ਸਮੂਹਿਕ ਵਿਆਹ ਮੇਲਾਵਾ ਸਿੰਘ ਸਾਹਿਬ ਜਥੇਦਾਰ ਸੰਤ ਬਾਬਾ ਕੁਲਵੰਤ ਸਿੰਘ, ਸਮੂਹ ਪੰਜ ਪਿਆਰੇ ਸਾਹਿਬਾਨ ਦੀ ਸਰਪ੍ਰਸਤੀ ਹੇਠ ਕਰਵਾਇਆ ਗਿਆ। ਇਸ ਸਬੰਧੀ 4 ਦਸੰਬਰ ਨੂੰ ਤਖਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਦੀ ਆਰੰਭਤਾ ਕੀਤੀ ਗਈ, ਜਿਸ ਦੀ ਸਮਾਪਤੀ 6 ਦਸੰਬਰ ਨੂੰ ਹੋਈ। 7 ਦਸੰਬਰ ਨੂੰ ਸਮੂਹਿਕ ਸਗਾਈ ਦੀ ਰਸਮ ਤਖ਼ਤ ਸਾਹਿਬ ਵਿਖੇ ਅਤੇ 8 ਦਸੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਲਾਵਾਂ-ਫੇਰੇ ਹੋਏ। ਇਸ ਸਮੂਹਿਕ ਵਿਆਹ ਮੇਲਾਵੇ ਵਿਚ 24 ਗੁਰਸਿੱਖ ਪਰਿਵਾਰਾਂ ਦੇ ਬੱਚੇ-ਬੱਚੀਆਂ ਸ਼ਾਮਿਲ ਹੋ ਕੇ ਗ੍ਰਹਿਸਥ ਮਾਰਗ ਦੇ ਧਾਰਨੀ ਬਣੇ। ਗੁਰਦੁਆਰਾ ਸੱਚਖੰਡ ਬੋਰਡ ਨਾਂਦੇੜ ਵਲੋਂ ਪਿਛਲੇ ਸਮੇਂ ਦੌਰਾਨ ਆਰੰਭ ਕੀਤੇ ਮਿਸ਼ਨ ਸਮੂਹਿਕ ਵਿਆਹ ਮੇਲਾਵੇ ਤੋਂ ਸਿੱਖ ਸੰਗਤਾਂ ਨੂੰ ਲਾਭ ਪ੍ਰਾਪਤ ਹੋ ਰਿਹਾ ਹੈ। ਇਸ ਮਿਸ਼ਨ ਵਿਚ ਜਿਥੇ ਨਾਂਦੇੜ ਅਤੇ ਆਸ-ਪਾਸ ਦੇ ਸਿੱਖ ਪਰਿਵਾਰਾਂ ਦੇ ਬੱਚੇ ਸ਼ਾਮਿਲ ਹੁੰਦੇ ਹਨ, ਉਥੇ ਤੇਲੰਗਾਨਾ, ਮੱਧ ਪ੍ਰਦੇਸ਼ ਤੇ ਹੋਰ ਨਾਲ ਲਗਦੇ ਸੂਬਿਆਂ ਤੋਂ ਵੀ ਸ਼ਾਮਿਲ ਹੁੰਦੇ ਹਨ। ਵਰਨਣਯੋਗ ਹੈ ਕਿ ਬਿਨਾਂ ਅੰਮ੍ਰਿਤ ਛਕੇ ਕਿਸੇ ਵੀ ਜੋੜੇ ਦੇ ਲਾਵਾਂ-ਫੇਰੇ ਨਹੀਂ ਕਰਵਾਏ ਜਾਂਦੇ । ਡਾ. ਵਿਜੇ ਸਤਬੀਰ ਸਿੰਘ ਨੇ ਕਿਹਾ ਕਿ ਸਮੂਹਿਕ ਵਿਆਹ ਮੇਲਾਵਾ, ਸਮਾਜਿਕ ਬਦਲਾਅ ਦਾ ਪ੍ਰਤੱਖ ਪ੍ਰਤੀਕ ਹੈ, ਇਸ ਲਈ ਚਾਹਵਾਨ ਪਰਿਵਾਰ ਆਪਣੇ ਬੱਚੇ-ਬੱਚੀਆਂ ਦੇ ਵਿਆਹ ਕਾਰਜ ਸਾਦ ਮੁਰਾਦੀ ਰਸਮ ਅਨੁਸਾਰ ਕਰਨ ਲਈ ਗੁਰਦੁਆਰਾ ਬੋਰਡ ਦੇ ਸੰਬੰਧਿਤ ਵਿਭਾਗ ਨਾਲ ਸੰਪਰਕ ਕਰਨ।

## ਸਿੰਘ ਸਾਹਿਬਾਨ ਦੀ ਸ਼ਖ਼ਸੀਅਤ 'ਤੇ ਦੂਸ਼ਣਬਾਜ਼ੀ ਲਗਾ ਕੇ ਬਦਨਾਮ ਕਰਨਾ ਨਿੰਦਾਯੋਗ-ਜਥੇ: ਵਡਾਲਾ



ਚੰਡੀਗੜ੍ਹ, 8 ਦਸੰਬਰ (ਪ੍ਰੋ. ਅਵਤਾਰ ਸਿੰਘ)- ਅਕਾਲੀ ਦਲ ਸੁਧਾਰ ਲਹਿਰ ਦੇ ਕਨਵੀਨਰ ਜਥੇ: ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਕੁਝ ਆਪਣੇ ਆਪ ਨੂੰ ਪੰਥਕ ਕਹਾਉਣ ਵਾਲੇ ਆਗੂ ਵਲੋਂ ਸਾਜ਼ਿਸ਼ ਤਹਿਤ ਜਥੇਦਾਰ ਸਹਿਬਾਨ ਨੂੰ ਉਨ੍ਹਾਂ ਦੇ ਘਰੇਲੂ ਝਗੜੇ ਜਿਸ ਨੂੰ ਅਦਾਲਤਾਂ ਨੇ ਨਿਪਟਾ ਦਿੱਤਾ ਸੀ, ਆਧਾਰ ਬਣਾ ਕੇ ਵਿਸ਼ੇਸ਼ ਆਈ.ਟੀ. ਟੀਮਾਂ ਰਾਹੀਂ ਜਥੇਦਾਰ ਸਹਿਬਾਨ ਦੇ ਕਿਰਦਾਰ 'ਤੇ ਚਿੱਕੜ ਸੁੱਟ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਥੇਦਾਰ ਵਡਾਲਾ ਨੇ ਕਿਹਾ ਕਿ ਤਖ਼ਤ ਸਾਹਿਬਾਨ ਦੇ ਵਿਰੁੱਧ ਘਿਨਾਉਣੀ ਤੇ ਇਖ਼ਲਾਕ ਤੋਂ ਡਿੱਗੀ ਸਾਜ਼ਿਸ਼ ਘੜ ਕੇ ਆਗੂ ਸਿੱਧਾ ਸਿੱਖ ਕੌਮ ਅਤੇ ਤਖ਼ਤ ਸਾਹਿਬਾਨ ਨਾਲ ਮੱਥਾ ਲਗਾ ਰਹੇ ਹਨ। ਅਕਾਲੀ ਦਲ ਦੇ ਕੁਝ ਲੀਡਰਾਂ ਵਲੋਂ ਅਤੇ ਇਕ ਸਾਬਕਾ ਅਖੌਤੀ ਲੀਡਰ ਵਲੋਂ ਪੁਰਾਣੇ ਮਸਲੇ ਨੂੰ ਮੌਜੂਦਾ ਸਮੇਂ ਵਿਚ ਉਛਾਲ ਕੇ ਨੀਵੇਂ ਪੱਧਰ ਦੀ ਸਾਜ਼ਿਸ਼ ਤਹਿਤ ਕਿਰਦਰਕੁਸ਼ੀ ਕਰਨ ਦੀ ਕੋਸ਼ਿਸ਼ ਜਾ ਰਹੀ ਹੈ। ਅਸੀਂ ਦੁਨੀਆ ਭਰ ਦੀਆਂ ਸਿੱਖ ਸੰਗਤਾਂ ਨੂੰ ਬੇਨਤੀ ਕਰਦੇ ਹਾਂ ਕਿ ਇਨ੍ਹਾਂ ਮਾੜੇ ਅਨਸਰਾਂ ਤੋਂ ਸੁਚੇਤ ਰਹੀਏ ਅਤੇ ਆਪਣੀਆਂ ਮਹਾਨ ਸੰਸਥਾਵਾਂ ਅਤੇ ਉਨ੍ਹਾਂ ਦੇ ਸੇਵਾਦਾਰਾਂ 'ਤੇ ਵਿਸ਼ਵਾਸ ਬਣਾ ਕੇ ਰੱਖੀਏ।




ਅੰਮ੍ਰਿਤਸਰ ਦੀਆਂ ਜ਼ਿਲ੍ਹਾ ਕਚਹਿਰੀਆਂ ਵਿਖੇ ਨਰਾਇਣ ਸਿੰਘ ਚੌੜਾ ਨੂੰ ਅਦਾਲਤ 'ਚ ਪੇਸ਼ ਕਰਨ ਲਈ ਲਿਜਾਂਦੇ ਹੋਏ ਪੁਲਿਸ ਮੁਲਾਜ਼ਮ। ਤਸਵੀਰ : ਨਿਰਮਲ ਸਟੂਡੀਓ

### ਸੁਖਬੀਰ 'ਤੇ ਹਮਲਾ ਕਰਨ ਦਾ ਮਾਮਲਾ

## ਨਰਾਇਣ ਸਿੰਘ ਚੌੜਾ ਮੁੜ 3 ਦਿਨ ਦੇ ਰਿਮਾਂਡ 'ਤੇ

ਅੰਮ੍ਰਿਤਸਰ, 8 ਦਸੰਬਰ (ਰੇਸ਼ਮ ਸਿੰਘ)-ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਹਮਲਾ ਕਰਨ ਦੇ ਮਾਮਲੇ 'ਚ ਗ੍ਰਿਫਤਾਰ ਕੀਤੇ ਸਾਬਕਾ ਖਾੜਕੂ ਨਰਾਇਣ ਸਿੰਘ ਚੌੜਾ ਦਾ ਪੁਲਿਸ ਵਲੋਂ ਤਿੰਨ ਦਿਨ ਦਾ ਰਿਮਾਂਡ ਖ਼ਤਮ ਹੋਣ 'ਤੇ ਅੱਜ ਮੁੜ ਤਿੰਨ ਦਿਨ ਦਾ ਹੋਰ ਰਿਮਾਂਡ ਲੈ ਲਿਆ ਗਿਆ ਹੈ। ਅੱਜ ਸ਼ਾਮ ਏ.ਸੀ.ਪੀ. ਜਸਪਾਲ ਸਿੰਘ, ਇੰਸ: ਸੁਖਇੰਦਰ ਸਿੰਘ ਤੇ ਇੰਸ: ਹਰਸੰਦੀਪ ਸਿੰਘ ਦੀ ਅਗਵਾਈ 'ਚ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਖਾੜਕੂ ਚੌੜਾ ਨੂੰ ਇਥੇ ਮੈਡਮ ਤਰਜ਼ਨੀ ਡਿਊਟੀ ਮੈਜਿਸਟਰੇਟ ਦੀ ਅਦਾਲਤ 'ਚ ਪੇਸ਼ ਕੀਤਾ ਗਿਆ ਤੇ ਦੱਸਿਆ ਕਿ ਉਸ ਦੇ ਖਿਲਾਫ 31 ਅਪਰਾਧਿਕ ਮਾਮਲੇ ਦਰਜ ਹਨ ਅਤੇ ਉਸ ਕੋਲੋਂ ਹਮਲੇ ਦੀ ਮਨਸ਼ਾ ਪਤਾ ਲਗਾਉਣ ਅਤੇ ਲਖੀਮਪੁਰ ਖੀਰੀ ਯੂ.ਪੀ. ਵਿਖੇ ਬਰਾਮਦਗੀ ਕਰਵਾਈ ਜਾਣੀ ਹੈ। ਦੂਜੇ ਪਾਸੇ ਬਚਾਅ ਪੱਖ ਵਲੋਂ ਪੇਸ਼ ਹੋਏ ਜਗਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ ਸਾਬਕਾ ਖਾੜਕੂ ਖਿਲਾਫ ਕੋਈ ਵੀ ਮਾਮਲਾ ਲੰਬਿਤ ਨਹੀਂ ਹੈ ਅਤੇ ਸਾਰੇ ਮਾਮਲਿਆਂ 'ਚ ਬਰੀ ਹੋ ਚੁੱਕੇ ਹਨ। ਪੁਲਿਸ ਵਲੋਂ ਉਨ੍ਹਾਂ ਦੇ ਮੁਵੱਕਲ ਨੂੰ ਫਸਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਮੁਵੱਕਲ ਨਾਲ ਪੁਲਿਸ ਰਿਮਾਂਡ ਦੌਰਾਨ ਵਕੀਲ ਨਾਲ ਮੁਲਾਕਾਤ ਕਰਨ ਤੇ 24 ਘੰਟੇ 'ਚ ਮੈਡੀਕਲ ਕਰਵਾਉਣ ਦੀ ਇਜਾਜ਼ਤ ਦਿੱਤੀ ਜਾਵੇ ਜੋ ਅਦਾਲਤ ਵਲੋਂ ਮਨਜ਼ੂਰ ਕਰ ਲਈ ਗਈ। ਸਾਬਕਾ ਖਾੜਕੂ ਚੌੜਾ ਦੇ ਪੁੱਤਰਾਂ ਜਗਜੀਤ ਸਿੰਘ ਬਾਜਵਾ ਤੇ ਬਲਜਿੰਦਰ ਸਿੰਘ ਬਾਜਵਾ ਵੀ ਅਦਾਲਤ 'ਚ ਪੁੱਜੇ ਹੋਏ ਸਨ ਜਿਨ੍ਹਾਂ ਕਿਹਾ ਕਿ ਅੰਮ੍ਰਿਤਸਰ ਪੁਲਿਸ ਨੇ ਉਨ੍ਹਾਂ ਨੂੰ ਭਾਵੇਂ ਬੀਤੇ ਦਿਨ ਪੁਛਗਿੱਛ ਲਈ ਸੱਦਿਆ ਸੀ ਪਰ ਕੁਝ ਸਮਾਂ ਬਿਠਾ ਕੇ ਜਾਣ ਲਈ ਕਹਿ ਦਿੱਤਾ। ਏ.ਸੀ.ਪੀ. ਜਸਪਾਲ ਸਿੰਘ ਬਰੋੜ੍ਹ ਨੇ ਦੱਸਿਆ ਕਿ ਤਿੰਨ ਦਿਨ ਦਾ ਪੁਲਿਸ ਰਿਮਾਂਡ ਖ਼ਤਮ ਹੋਣ ਉਪਰੰਤ ਚੌੜਾ ਨੂੰ ਦੁਬਾਰਾ 11 ਦਸੰਬਰ ਨੂੰ ਮੁੜ ਅਦਾਲਤ 'ਚ ਪੇਸ਼ ਕੀਤਾ ਜਾਵੇਗਾ।

## ਦੀਪਕ ਬਾਲੀ ਪੰਜਾਬ ਵਿਰਾਸਤ ਅਤੇ ਸੈਰ ਸਪਾਟਾ ਪ੍ਰਮੋਸ਼ਨ ਬੋਰਡ ਦੇ ਸਲਾਹਕਾਰ ਨਿਯੁਕਤ



ਚੰਡੀਗੜ੍ਹ, 8 ਦਸੰਬਰ (ਅਜਾਇਬ ਸਿੰਘ ਔਜਲਾ)- ਸੰਗੀਤ ਉਦਯੋਗ ਵਿਚ ਵਿਲੱਖਣ ਥਾਂ ਰੱਖਣ ਵਾਲੇ ਦੀਪਕ ਬਾਲੀ ਨੂੰ ਪੰਜਾਬ ਵਿਰਾਸਤ ਅਤੇ ਸੈਰ ਸਪਾਟਾ ਪ੍ਰਮੋਸ਼ਨ ਬੋਰਡ ਦਾ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। ਦੀਪਕ ਬਾਲੀ ਦੀ ਇਹ ਨਿਯੁਕਤੀ ਮਹੱਤਵਪੂਰਨ ਪ੍ਰਾਜੈਕਟਾਂ ਲਈ ਇਕ ਸਾਲ ਲਈ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਦੀਪਕ ਬਾਲੀ ਹਿੰਦ-ਪਾਕਿ ਦੋਸਤੀ ਮੰਚ ਅੰਮ੍ਰਿਤਸਰ ਦੇ 28 ਸਾਲਾਂ ਤੋਂ ਨਿਰੰਤਰ ਕਾਰਜ ਕਰ ਰਹੇ ਹਨ। ਇਸ ਦੇ ਨਾਲ ਹੀ ਸਭ ਤੋਂ ਪੁਰਾਣੀ ਕਲਾਸੀਕਲ ਸੰਗੀਤਕ ਸੰਸਥਾ, ਜਲੰਧਰ 'ਹਰਿਵੱਲਭ ਸੰਗੀਤ ਮਹਾਸਭਾ' ਦੇ ਜਨਰਲ ਸਕੱਤਰ ਵਜੋਂ ਵੀ ਆਪਣੀਆਂ ਸੇਵਾਵਾਂ ਨਿਭਾਉਂਦੇ ਆ ਰਹੇ ਹਨ। ਉਹ ਦਿੱਲੀ ਸਰਕਾਰ ਵਿਚ ਵੀ ਕਲਾ-ਸੱਭਿਆਚਾਰ ਭਾਸ਼ਾ ਦੇ ਸਲਾਹਕਾਰ ਵਜੋਂ ਵੀ ਕਾਰਜ ਕਰਦੇ ਰਹੇ ਹਨ।

ਸਤਯਮੇਵ ਜਯਤੇ
ਭਾਰਤ ਸਰਕਾਰ
LIC
ਲਾਈਫ਼ ਇਨਸ਼ੋਰੈਂਸ ਕਾਰਪੋਰੇਸ਼ਨ ਆਫ਼ ਇੰਡੀਆ
LIFE INSURANCE CORPORATION OF INDIA

ਖੁਸ਼ਹਾਲ ਨਾਰੀਸ਼ਕਤੀ, ਵਿਕਸਿਤ ਭਾਰਤ

ਬੀਮਾ ਸਖੀ ਯੋਜਨਾ ਦਾ

ਸ਼੍ਰੀਮਾਨ ਨਰੇਂਦਰ ਮੋਦੀ, ਸਤਿਕਾਰਯੋਗ ਪ੍ਰਧਾਨਮੰਤਰੀ

ਦੁਆਰਾ ਸ਼ੁਭ-ਸ਼ੁਰੂਆਤ

9 ਦਸੰਬਰ 2024, ਦੁਪਹਿਰ 2 ਵਜੇ ਤੋਂ ਸੈਕਟਰ 13/17, ਐਚਐਸਵੀਪੀ ਗ੍ਰਾਉਂਡ, ਪਾਨੀਪਤ, ਹਰਿਆਣਾ

3 ਸਾਲਾਂ ਵਿੱਚ 2 ਲੱਖ

ਔਰਤਾਂ ਨੂੰ ਯੋਜਨਾ ਦੇ ਤਹਿਤ ਆਤਮ-ਨਿਰਭਰ ਬਣਾਉਣ ਦਾ ਲੱਕਸ਼



- ਤਿੰਨ ਸਾਲਾਂ ਲਈ ਸਟਾਇਪੈਂਡਰੀ ਸਕੀਮ।
- ਘੱਟੋ-ਘੱਟ ਸਿੱਖਿਅਕ ਯੋਗਤਾ: 10ਵੀਂ ਪਾਸ।
- ਘੱਟੋ-ਘੱਟ ਪੂਰੀ ਹੋਈ ਉਮਰ: ਅਰਜੀ ਦੇ ਸਮੇਂ 18 ਸਾਲ।
- ਸਟਾਇਪੈਂਡਰੀ ਅਵਧੀ ਤੋਂ ਬਾਅਦ ਨਿਯਮ ਦੇ ਮੁਤਾਬਕ ਏਜੰਸੀ ਜਾਰੀ ਰਹੇਗੀ, ਕਮਿਸ਼ਨ ਦੇ ਨਾਲ।
- ਐਲਆਈਸੀ ਆਪਣੇ ਏਜੰਟਸ ਨੂੰ ਸ਼ਰਤਾਂ ਦੇ ਅਧੀਨ ਕੈਰੀਅਰ ਦੇ ਮੌਕੇ ਵੀ ਪ੍ਰਦਾਨ ਕਰਦੀ ਹੈ।
- ਨਿਰਦਿਸ਼ਟ ਮਾਪਦੰਡਾਂ ਦੀ ਪ੍ਰਾਪਤੀ ਤੇ ਅਧਾਰਤ ਸਟਾਇਪੈਂਡਰੀ ਯੋਜਨਾ।

ਬੀਮਾ ਸਖੀ ਯੋਜਨਾ ਨਾਲ ਜੁੜਨ ਅਤੇ ਜਾਣਕਾਰੀ ਲਈ,
ਨਜ਼ਦੀਕੀ LIC ਸ਼ਾਖਾ ਨਾਲ ਸੰਪਰਕ ਕਰੋ ਜਾਂ www.licindia.in ਤੇ ਵਿਜਿਟ ਕਰੋ

ਡੀਡੀ ਨਿਊਜ਼ ਤੇ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਦੇਖੋ

ਸਾਨੂੰ ਫੋਲੋ ਕਰੋ: LIC India Forever | IRDAI Regn No.: 512

LIC/P1/2024-25/36/Pun

CMYK